# ਪਬਲਿਕ ਨੋਟਿਸ

1. ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵਲੋ ਹਾਊਸ ਟੈਕਸ ਅਤੇ ਪਾਣੀ ਤੇ ਸੀਵਰੇਜ਼ ਦੇ ਖੜੇ ਬਕਾਇਆਜਾਤ ਨੂੰ 01.08.2011 ਤੋ 30.09.2011 ਤੱਕ **ਯਕ-ਮੁਸ਼ਤ** ਜਮ੍ਹਾਂ ਕਰਾਉਣ ਤੇ ਵਿਆਜ ਅਤੇ ਜੁਰਮਾਨੇ ਦੀ ਮੁਆਫੀ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਵਿਅਕਤੀਆ/ਫਰਮਾਂ ਵੱਲ ਹਾਊਸ ਟੈਕਸ, ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਬਕਾਇਆਜਾਤ ਖੜੇ ਹਨ, ਜੇਕਰ ਉਨ੍ਹਾਂ ਵਲੋ ਇਹ ਬਕਾਇਆਜਾਤ ਦੀ ਰਾਸ਼ੀ ਮਿਤੀ 30.09.2011 ਤੋ ਪਹਿਲਾਂ-ਪਹਿਲਾਂ ਨਗਰ ਕੋਸਲ, ਹੁਸ਼ਿਆਰਪੁਰ ਵਿਖੇ ਅਦਾ ਕਰ ਦਿੱਤੀ ਜਾਂਦੀ ਹੈ ਤਾਂ ਉਸ ਰਕਮ ਤੇ ਬਣਦੇ ਵਿਆਜ ਦੀ ਰਕਮ ਅਤੇ ਜੁਰਮਾਨੇ ਤੇ ਮੁਆਫੀ ਦਿੱਤੀ ਜਾਵੇਗੀ। ਇਸ ਲਈ ਆਪ ਹਾਊਸ ਟੈਕਸ, ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਬਕਾਇਆਜਾਤ ਤੇ ਸਰਕਾਰ ਵਲੋ ਦਿੱਤੀ ਵਿਆਜ ਅਤੇ ਜੁਰਮਾਨੇ ਦੀ ਮੁਆਫੀ ਦਾ ਲਾਭ ਲੈਣ ਲਈ ਮਿਤੀ 30.09.2011 ਤੋ ਪਹਿਲਾ-ਪਹਿਲਾ ਬਕਾਇਆਜਾਤ ਨਗਰ ਕੋਸਲ ਹੁਸ਼ਿਆਰਪੁਰ ਵਿਖੇ ਜਮ੍ਹਾਂ ਕਰਵਾ ਕੇ ਸਰਕਾਰ ਦੀ ਇਸ ਵਿਆਜ ਮੁਆਫੀ ਸਕੀਮ ਦਾ ਲਾਭ ਉਠਾ ਸਕਦੇ ਹੋ।

2. ਆਮ ਜਨਤਾ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਨੇ ਵਾਲੰਟਰੀ ਡਿਸਕਲੋਜਰ ਸਕੀਮ ਅਧੀਨ ਅਮੈਨਿਸਟੀ ਦਾ ਮਿਤੀ 1.8.2011 ਤੋਂ 31.10.2011 ਤੱਕ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨੇ ਪਾਣੀ ਅਤੇ ਸੀਵਰੇਜ਼ ਦੇ ਅਣਅਧਿਕਾਰਤ ਕੁਨੈਕਸ਼ਨ ਲਏ ਹੋਏ ਹਨ, ਉਨ੍ਹਾਂ ਨੂੰ ਆਪਣੇ ਕੁਨੈਕਸ਼ਨ ਰੈਗੂਲਰ ਕਰਵਾਉਂਣ ਲਈ ਇੱਕ ਮੌਕਾ ਪ੍ਰਦਾਨ ਕੀਤਾ ਹੈ। ਇਸ ਸਕੀਮ ਅਨੁਸਾਰ ਅਣਅਧਿਕਾਰਤ ਕੁਨੈਕਸ਼ਨ ਹੋਲਡਰ ਰਿਹਾਇਸ਼ੀ ਮਕਾਨਾਂ ਦੀ ਸੂਰਤ ਵਿਚ 250 ਵਰਗ ਗਜ ਦੇ ਪਲਾਟਾਂ ਵਿਚ ਪਾਣੀ ਅਤੇ ਸੀਵਰੇਜ਼ ਦੇ ਹਰ ਇੱਕ ਕੁਨੈਕਸ਼ਨ ਨੂੰ ਰੈਗੂਲਰ ਕਰਵਾਉਂਣ ਲਈ ਯਕ-ਮੁਸ਼ਤ 500/- ਰੁਪਏ ਅਤੇ 250 ਵਰਗ ਗਜ਼ ਤੋਂ 1000 ਵਰਗ ਗਜ਼ ਤੱਕ 1000/- ਰੁਪਏ ਦਫਤਰ ਨਗਰ ਕੌਂਸਲ ਨੂੰ ਅਦਾ ਕਰਕੇ ਆਪਣਾ ਕੁਨੈਕਸ਼ਨ ਰੈਗੂਲਰ ਕਰਵਾ ਸਕਦੇ ਹਨ। ਵਪਾਰਕ ਮਕਾਨਾਂ ਦੀ ਸੂਰਤ ਵਿਚ 125 ਵਰਗ ਗਜ਼ ਤੱਕ ਦੇ ਪਲਾਟਾਂ ਵਿਚ ਲੱਗੇ ਅਣਅਧਿਕਾਰਤ ਕੁਨੈਕਸ਼ਨ ਨੂੰ ਰੈਗੂਲਰ ਕਰਵਾਉਂਣ ਲਈ 1000/- ਰੁਪਏ ਯਕ-ਮੁਸ਼ਤ ਰੈਗੂਰਲਾਈਜੇਸ਼ਨ ਚਾਰਜਜ ਅਦਾ ਕਰਕੇ ਕੁਨੈਕਸ਼ਨ ਰੈਗੂਲਰ ਕਰਵਾ ਸਕਦੇ ਹਨ। ਇਨ੍ਹਾਂ ਕੁਨੈਕਸ਼ਨਾਂ ਨੂੰ ਰੈਗੂਲਰ ਕਰਵਾਉਂਣ ਲਈ ਨਿਰਧਾਰਤ ਫੀਸ, ਰੋਡ ਕਟਿੰਗ ਚਾਰਜਜ਼ ਆਦਿ ਅਲੱਗ ਲੱਗਣਗੇ। ਇਸ ਲਈ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸਰਕਾਰ ਦੀ ਇਸ ਸਕੀਮ ਦਾ ਫਾਇਦਾ ਉਠਾਉਂਣ। ਮਿਤੀ 31.10.2011 ਤੋਂ ਬਾਅਦ ਜੇਕਰ ਕੋਈ ਅਣਅਧਿਕਾਰਤ ਤੌਰ ਤੇ ਲੱਗਾ ਕੁਨੈਕਸ਼ਨ ਪਾਇਆ ਜਾਂਦਾ ਹੈ ਤਾਂ ਉਸ ਤੋਂ ਪਿਛਲੇ 3 ਸਾਲਾਂ ਦੇ ਯੂਜਰ ਚਾਰਜਿਜ/ਕੁਨੈਕਸ਼ਨ ਫੀਸ ਅਤੇ ਰੋਡ ਕਟਿੰਗ ਆਦਿ ਵਸੂਲਣ ਲਈ ਨਿਯਮਾਂ ਅਧੀਨ ਕਾਰਵਾਈ ਆਰੰਭੀ ਜਾਵੇਗੀ।

ਪ੍ਰਧਾਨ,
ਨਗਰ ਕੌਂਸਲ,ਹੁਸ਼ਿਆਰਪੁਰ।

ਕਾਰਜ ਸਾਧਕ ਅਫਸਰ,
ਨਗਰ ਕੌਂਸਲ,ਹੁਸ਼ਿਆਰਪੁਰ।